<u>ਡਾਇਰੈਕਟੋਰੇਟ ਆਫ਼ ਸਪੋਰਟਸ</u>

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

**<u>(1961 ਦੇ ਪੰਜਾਬ ਐਕਟ ਨੰ.35 ਤਹਿਤ ਸਥਾਪਿਤ)</u>**

ਨੰ. 7902 / ਡਸ

ਮਿਤੀ 01.11.2017

ਪ੍ਰਿੰਸੀਪਲ ਸਾਹਿਬਾਨ ਜੀਓ
ਸਮੂਹ ਸੰਬੰਧਿਤ ਕਾਲਜਿਜ਼

**<u>ਹਵਾਲਾ ਪੱਤਰ ਨੰ.7688/DS ਮਿਤੀ 23.10.2017 ਸਬੰਧੀ।</u>**

ਉਪਰੋਕਤ ਹਵਾਲਾ ਪੱਤਰ ਸਬੰਧੀ ਆਪ ਜੀ ਦੀ ਜਾਣਕਾਰੀ ਹਿੱਤ ਦੱਸਿਆ ਜਾਂਦਾ ਹੈ ਕਿ ਅੰਤਰਵਰਸਿਟੀ ਮੁਕਾਬਲਿਆਂ ਨੂੰ ਮੁੱਖ ਰਖਦੇ ਹੋਏ ਵਿਭਾਗ ਵੱਲੋਂ ਪੰਜਾਬੀ ਯੂਨੀਵਰਸਿਟੀ ਵੱਲੋਂ ਸਾਲਾਨਾ ਐਥਲੈਟਿਕ ਮੀਟ (ਪੁਰਸ਼ ਅਤੇ ਮਹਿਲਾ) ਹੇਠ ਲਿਖੇ ਨਵੇਂ ਸਡਿਊਲ ਅਨੁਸਾਰ ਪੰਜਾਬੀ ਯੂਨੀਵਰਸਿਟੀ ਕੈਂਪਸ, ਪਟਿਆਲਾ ਵਿਖੇ ਕਰਵਾਈ ਜਾ ਰਹੀ ਹੈ।

| <u>ਮੁਕਾਬਲਿਆਂ ਦੀਆਂ ਮਿਤੀਆਂ</u> | <u>ਯੋਗਤਾ ਪ੍ਰੋਫਾਰਮਾ, ਰਜਿਸਟ੍ਰੇਸ਼ਨ ਫਾਰਮ ਅਤੇ ਡਿਟੇਲ ਐਂਟਰੀ ਫਾਰਮ ਭੇਜਣ ਦੀ ਆਖਰੀ ਮਿਤੀ</u> |
|---|---|
| **22,23 ਅਤੇ 24 ਨਵੰਬਰ, 2017** | **13.11.2017** |

ਸਾਰੇ ਪੁਰਸ਼ ਅਤੇ ਮਹਿਲਾ ਟੀਮਾਂ/ਐਥਲੀਟਾਂ ਦਾ ਖੇਡਣ ਯੋਗਤਾ ਪ੍ਰੋਫਾਰਮਾ, ਰਜਿਸਟ੍ਰੇਸ਼ਨ ਫਾਰਮ ਅਤੇ ਡਿਟੇਲ ਐਂਟਰੀ ਫਾਰਮ ਮਿਤੀ 13.11.2017 ਤੱਕ ਦਸਤੀ/ਡਾਕ ਜਾਂ ਈ.ਮੇਲ. ਰਾਹੀਂ (pupsports11@gmail.com) ਖੇਡ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪੁੱਜ ਜਾਣੇ ਚਾਹੀਦੇ ਹਨ ਤਾਂ ਜੋ ਸਮੇਂ ਸਿਰ ਹੀਟਸ ਬਣਾ ਲਈਆਂ ਜਾਣ।

ਮਿਤੀ 13.11.2017 ਤੋਂ ਬਾਅਦ ਕੋਈ ਵੀ ਖੇਡ ਯੋਗਤਾ ਪ੍ਰੋਫਾਰਮਾ, ਰਜਿਸਟ੍ਰੇਸ਼ਨ ਫਾਰਮ, ਡਿਟੇਲ ਐਂਟਰੀ ਫਾਰਮ ਨਹੀਂ ਲਿਆ ਜਾਵੇਗਾ ਅਤੇ ਨਾਂ ਹੀ ਉਸ ਵਿੱਚ ਕੋਈ ਤਬਦੀਲੀ ਕੀਤੀ ਜਾਵੇਗੀ। ਹਰੇਕ ਈਵੈਂਟ ਵਿੱਚ ਇਕ ਕਾਲਜ ਵੱਲੋਂ ਦੋ ਐਥਲੀਟਾਂ ਦੀ ਐਂਟਰੀ ਭੇਜੀ ਜਾ ਸਕਦੀ ਹੈ ਅਤੇ ਇਕ ਰਿਜ਼ਰਵ ਐਥਲੀਟ ਭੇਜਿਆ ਜਾ ਸਕਦਾ ਹੈ। ਜੇਕਰ ਕਿਸੇ ਈਵੈਂਟ ਵਿੱਚ ਦੋ ਤੋਂ ਵੱਧ ਐਂਟਰੀਆਂ ਹੋਣਗੀਆਂ ਤਾਂ ਪਹਿਲੀਆਂ ਦੋ ਐਂਟਰੀਆਂ ਰੱਖ ਕੇ ਬਾਕੀ ਐਂਟਰੀਆਂ ਮਨਸੂਖ ਕਰ ਦਿੱਤੀਆਂ ਜਾਣਗੀਆਂ। ਇੱਕ ਐਥਲੀਟ ਕੇਵਲ ਦੋ ਈਵੈਂਟ ਅਤੇ ਇੱਕ ਰਿਲੇਅ ਦੌੜ ਵਿੱਚ ਭਾਗ ਲੈ ਸਕਦਾ ਹੈ।

**<u>ਜ਼ਰੂਰੀ ਹਦਾਇਤਾਂ:</u>**

1. ਖਿਡਾਰੀਆਂ ਦੇ <u>ਚੈਸਟ ਨੰਬਰ ਮਿਤੀ 21.11.2017 ਨੂੰ ਸੰਬੰਧਿਤ ਟੀਮਾਂ ਦੇ ਇੰਚਾਰਜ਼/ਪ੍ਰੋਫੈਸਰ ਫਿਜ਼ੀਕਲ ਐਜੂਕੇਸ਼ਨ ਨੂੰ ਬਾਅਦ ਦੁਪਹਿਰ 3.00 ਵਜੇ ਤੋਂ 5.00 ਵਜੇ ਤੱਕ ਦਿੱਤੇ ਜਾਣਗੇ</u>।
2. ਜਿਹਨਾਂ ਖਿਡਾਰੀਆਂ ਦੇ ਈਵੈਂਟ ਮਿਤੀ 22.11.2017 ਨੂੰ ਹੋਣੇ ਹਨ, ਉਹਨਾਂ ਦਾ ਮਿਤੀ 21.11.2017 ਨੂੰ ਬਾਅਦ ਦੁਪਹਿਰ 3.00 ਵਜੇ ਤੱਕ ਅਤੇ ਮਿਤੀ 23.11.2017 ਨੂੰ ਹੋਣ ਵਾਲੇ ਈਵੈਂਟਾਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਦਾ ਮਿਤੀ 22.11.2017 ਨੂੰ ਬਾਅਦ ਦੁਪਹਿਰ 3.00 ਵਜੇ ਤੱਕ ਵਿਭਾਗ ਵਿਖੇ ਰਿਪੋਰਟ ਕਰਨਾ ਲਾਜ਼ਮੀ ਹੋਵੇਗਾ।
3. ਰਿਹਾਇਸ਼ ਕਮੇਟੀ ਵੱਲੋਂ ਮੁਕਾਬਲਿਆਂ ਲਈ ਰਿਪੋਰਟ ਕਰਨ ਵਾਲੀਆਂ ਟੀਮਾਂ/ਖਿਡਾਰੀਆਂ ਨੂੰ <u>ਰਿਹਾਇਸ਼ ਕੇਵਲ ਬਾਅਦ ਦੁਪਹਿਰ 3.00 ਵਜੇ ਤੋਂ 5.00 ਵਜੇ ਤੱਕ ਦੇ ਸਮੇਂ ਦਰਮਿਆਨ ਹੀ ਮੁਹੱਈਆ ਕਰਵਾਈ ਜਾਵੇਗੀ</u>।

4. ਲੜਕਿਆਂ ਦੀ ਰਿਹਾਇਸ਼ ਸਬੰਧੀ ਕਮੇਟੀ **ਕਨਵੀਨਰ** ਸ. ਪ੍ਰਿੰਸਇੰਦਰ ਸਿੰਘ, ਟੇਬਲ ਟੈਨਿਸ ਕੋਚ (ਮੋ: 94172-06035) ਅਤੇ ਕਮੇਟੀ **ਮੈਂਬਰਜ਼** ਸ. ਅਵਤਾਰ ਸਿੰਘ, ਗਤਕਾ ਇੰਸਟ੍ਰਕਟਰ (ਮੋ: 81460-00351) ਅਤੇ ਸ. ਸੁਰਿੰਦਰ ਸਿੰਘ, ਆਰਚਰੀ ਇੰਸਟ੍ਰਕਟਰ (ਮੋ: 92163-20027) ਨਾਲ ਸੰਪਰਕ ਕੀਤਾ ਜਾਵੇ।
5. ਲੜਕੀਆਂ ਦੀ ਰਿਹਾਇਸ਼ ਲਈ ਮਿਸ ਰਚਨਾ (ਮੋ: 81467-72027) ਨਾਲ ਸੰਪਰਕ ਕੀਤਾ ਜਾਵੇ।
6. ਟੀਮਾਂ ਲੋੜ ਅਨੁਸਾਰ ਆਪਣੇ ਬਿਸਤਰੇ ਆਦਿ ਨਾਲ ਲੈ ਕੇ ਆਉਣਗੀਆਂ।

**ਵਿਸ਼ੇਸ਼ ਧਿਆਨ ਯੋਗ ਹਦਾਇਤਾਂ:**

1. ਯੋਗਤਾ ਪ੍ਰੋਫਾਰਮੇ ਅੰਗਰੇਜ਼ੀ ਅਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿੱਚ ਭਰੇ ਜਾਣ।
2. ਪਹਿਲੇ ਦਿਨ ਭਾਵ ਮਿਤੀ 22.11.2017 ਦੇ ਈਵੈਂਟਸ ਸਵੇਰੇ 8.30 ਵਜੇ ਸ਼ੁਰੂ ਹੋਣਗੇ।
3. ਸਾਰੇ ਐਥਲੀਟਾਂ ਕੋਲ ਪ੍ਰਿੰਸੀਪਲ ਵੱਲੋਂ ਤਸਦੀਕਸ਼ੁਦਾ, ਕਾਲਜ ਦਾ ਸ਼ਨਾਖਤੀ ਕਾਰਡ ਹੋਣਾ ਲਾਜ਼ਮੀ ਹੈ।
4. ਸਾਰੇ ACADEMIC CERTIFICATES (ORIGINAL) ਨਾਲ ਲੈ ਕੇ ਆਉਣੇ ਲਾਜ਼ਮੀ ਹਨ।
5. ਹਾਫ਼ ਮੈਰਾਥਨ ਵਿੱਚ ਭਾਗ ਲੈਣ ਵਾਲੇ ਐਥਲੀਟਾਂ ਦਾ ਮੈਡੀਕਲ ਫਿਟਨੈੱਸ ਸਰਟੀਫਿਕੇਟ ਹੋਣਾ ਲਾਜ਼ਮੀ ਹੈ।
6. ਸਾਰੇ ਖਿਡਾਰੀ ਪੂਰੀ ਕਿੱਟ ਵਿੱਚ ਹੋਣੇ ਚਾਹੀਦੇ ਹਨ, ਇਸ ਤੋਂ ਬਿਨਾਂ ਕਿਸੇ ਖਿਡਾਰੀ ਨੂੰ ਮੁਕਾਬਲਿਆਂ ਵਿੱਚ ਭਾਗ ਨਹੀਂ ਲੈਣ ਦਿੱਤਾ ਜਾਵੇਗਾ।
7. ਖਿਡਾਰੀ ਅਤੇ ਖਿਡਾਰਣਾਂ ਦੇ ਨਾਲ ਕਾਲਜ ਦੇ ਇੰਚਾਰਜ਼ ਦਾ ਹੋਣਾ ਲਾਜ਼ਮੀ ਹੈ।
8. ਭਾਗ ਲੈਣ ਵਾਲੀਆਂ ਟੀਮਾਂ/ਖਿਡਾਰੀਆਂ ਦਾ ਰਜਿਸਟ੍ਰੇਸ਼ਨ ਫਾਰਮ ਭਰ ਕੇ ਯੋਗਤਾ ਪ੍ਰੋਫਾਰਮੇ ਦੇ ਨਾਲ ਲਿਆਉਣਾ ਲਾਜ਼ਮੀ ਹੈ। ਫਾਰਮ ਤੇ ਖਿਡਾਰੀ ਅਤੇ ਸੰਬੰਧਿਤ ਪ੍ਰੋ./ਟੀਮ ਇੰਚਾਰਜ਼ ਦੇ ਹਸਤਾਖਰ ਹੋਣੇ ਜ਼ਰੂਰੀ ਹਨ। ਰਜਿਸਟ੍ਰੇਸ਼ਨ ਫਾਰਮ ਅਤੇ ਇਸ ਵਿੱਚ ਲਗਾਈ ਗਈ ਹਰੇਕ ਫੋਟੋ ਵੀ ਸੰਬੰਧਿਤ ਕਾਲਜ ਦੇ ਪ੍ਰਿੰਸੀਪਲ ਸਾਹਿਬ ਪਾਸੋਂ ਤਸਦੀਕ ਕਰਵਾ ਕੇ ਨਾਲ ਲਿਆਉਣੀ ਲਾਜ਼ਮੀ ਹੈ। ਰਜਿਸਟ੍ਰੇਸ਼ਨ ਫਾਰਮ ਅਤੇ ਯੋਗਤਾ ਪ੍ਰੋਫਾਰਮੇ ਤੋਂ ਬਿਨਾਂ ਖਿਡਾਰੀਆਂ ਨੂੰ ਐਥਲੈਟਿਕ ਮੀਟ ਵਿੱਚ ਭਾਗ ਨਹੀਂ ਲੈਣ ਦਿੱਤਾ ਜਾਵੇਗਾ।

ਨੱਥੀ/ਡਿਟੇਲ ਐਂਟਰੀ ਪ੍ਰੋਫਾਰਮਾ

-ਸਹੀ/-

ਡਾਇਰੈਕਟਰ ਸਪੋਰਟਸ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਦੀ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿੱਤ ਹੈ ਜੀ;

1. ਸੰਬੰਧਿਤ ਐਥਲੈਟਿਕਸ ਕੋਚਿਜ਼, ਖੇਡ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
2. ਸਮੂਹ ਗਰਾਊਂਡ ਸਟਾਫ਼